# ਦਫਤਰ ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਮੈਜਿਸਟਰੇਟ, ਫਰੀਦਕੋਟ।
## (ਫੁੱਟਕਲ ਸ਼ਾਖਾ)

ਹੁਕਮ ਨੰਬਰ 348 /ਫਸ

ਇਸ ਦਫਤਰ ਵੱਲੋਂ ਹੁਕਮ ਨੰਬਰ 212/ਫਸ ਮਿਤੀ 23.03.2020, ਜੋ ਕਿ ਪਿ.ਅੰ.ਨੰਬਰ 1587/ਫਸ ਮਿਤੀ 23.03.2020 ਰਾਹੀਂ ਕੋਰੋਨਾ ਵਾਇਰਸ ਦੇ ਬਚਾਅ ਲਈ ਜਿਲ੍ਹਾ ਫਰੀਦਕੋਟ ਦੀ ਹਦੂਦ ਅੰਦਰ ਅਗਲੇ ਹੁਕਮਾਂ ਤੱਕ ਕਰਫਿਊ ਲਗਾਇਆ ਗਿਆ ਹੈ।

ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਜਿਲ੍ਹਾ ਫਰੀਦਕੋਟ ਅੰਦਰ ਕਈ ਕਿਸਾਨਾਂ ਨੇ ਜ਼ਮੀਨ ਠੇਕੇ ਤੇ ਲੈ ਕੇ ਸਬਜੀਆਂ ਦੀ ਕਾਸ਼ਤ ਕੀਤੀ ਹੋਈ ਹੈ। ਕਰਫਿਊ ਦੌਰਾਨ ਇੰਨ੍ਹਾਂ ਕਿਸਾਨਾਂ ਨੂੰ ਆਪਣੇ ਵਹੀਕਲ ਰਾਂਹੀ ਸਬਜੀ ਵੇਚਣ ਜਾਂ ਸਬਜੀ ਮੰਡੀ ਵਿਖੇ ਲਿਆਉਣ ਲਈ ਰੋਕਿਆ ਜਾਂਦਾ ਹੈ। ਜਿਸ ਕਾਰਨ ਉਨ੍ਹਾਂ ਵੱਲੋ ਕਾਸ਼ਤ ਕੀਤੀਆਂ ਸਬਜੀਆਂ ਦੇ ਖਰਾਬ ਹੋਣ ਦਾ ਖਦਸਾ ਬਣਿਆ ਰਹਿੰਦਾ ਹੈ।

ਇਸ ਲਈ ਉਕਤ ਹਾਲਾਤਾਂ ਅਤੇ ਆਮ ਲੋਕਾਂ ਨੂੰ ਜਰੂਰੀ ਵਸਤੂਆਂ ਮੁਹੱਈਆ ਕਰਾਉਣ ਦੇ ਮੰਤਵ ਲਈ ਜਿਲ੍ਹਾ ਫਰੀਦਕੋਟ ਅੰਦਰ ਕਿਸਾਨਾਂ ਨੂੰ ਵੱਖ ਵੱਖ ਏਰੀਆਂ ਵਿੱਚ ਸਬਜੀ ਵੇਚਣ ਜਾਂ ਸਬਜੀ ਮੰਡੀ ਵਿਖੇ ਲਿਆਉਣ ਵਾਸਤੇ ਵਹੀਕਲਾਂ ਨੂੰ ਕਰਫਿਊ ਦੌਰਾਨ ਛੋਟ ਦਿੱਤੀ ਜਾਂਦੀ ਹੈ।

ਅਜਿਹਾ ਕਰਦੇ ਸਮੇਂ ਉਹ ਕੋਵਿਡ 19 ਸਬੰਧੀ ਭਾਰਤ ਸਰਕਾਰ/ਪੰਜਾਬ ਸਰਕਾਰ ਅਤੇ ਇਸ ਦਫਤਰ ਵੱਲੋ ਜਾਰੀ ਕੀਤੀਆਂ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਨਾਉਣਗੇ ਅਤੇ ਉਹ ਸਬਜੀ ਵੇਚਣ ਸਮੇਂ ਸਮਾਜਿਕ ਦੂਰੀ ਬਣਾਈ ਰੱਖਣ ਲਈ ਜਿੰਮੇਵਾਰ ਹੋਣਗੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਕੁਤਾਹੀਕਾਰ ਵਿਰੁੱਧ ਕਾਨੂੰਨ ਦੀਆਂ ਸਬੰਧਤ ਧਾਰਵਾਂ ਤਹਿਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਇਹ ਹੁਕਮ ਅਗਲੇ ਹੁਕਮਾਂ ਤੱਕ ਲਾਗੂ ਰਹੇਗਾਂ।

ਇਹ ਹੁਕਮ ਅੱਜ ਮਿਤੀ 19-04-2020 ਨੂੰ ਨਿਮਨਹਸਤਾਖਰ ਦੇ ਹਸਤਾਖਰਾਂ ਅਤੇ ਦਫਤਰ ਦੀ ਮੋਹਰ ਹੇਠ ਜਾਰੀ ਕੀਤਾ ਗਿਆ।

(ਕੁਮਾਰ ਸੌਰਭ ਰਾਜ),ਆਈ.ਏ.ਐਸ.,
ਜਿਲ੍ਹਾ ਮੈਜਿਸਟਰੇਟ, ਫਰੀਦਕੋਟ।

ਪਿੱ:ਅੰ:ਨੰ: 2128 /ਫਸ-ਫਕ-2 ਮਿਤੀ 19-04-2020
ਉਪਰੋਕਤ ਦਾ ਉਤਾਰਾ:-

1) ਸੀਨੀਅਰ ਕਪਤਾਨ ਪੁਲਿਸ, ਫਰੀਦਕੋਟ
2) ਉਪ ਮੰਡਲ ਮੈਜਿਸਟਰੇਟ, ਫਰੀਦਕੋਟ/ਕੋਟਕਪੂਰਾ ਅਤੇ ਜੈਤੋ
3) ਸਿਵਲ ਸਰਜਨ, ਫਰੀਦਕੋਟ।
4) ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਫਰੀਦਕੋਟ
5) ਜਿਲ੍ਹਾ ਮੰਡੀ ਅਫਸਰ, ਫਰੀਦਕੋਟ
6) ਸਕੱਤਰ, ਮਾਰਕਿਟ ਕਮੇਟੀ, ਫਰੀਦਕੋਟ/ਕੋਟਕਪੂਰਾ/ਸਾਦਿਕ ਅਤੇ ਜੈਤੋ
7) ਤਹਿਸੀਲਦਾਰ, ਫਰੀਦਕੋਟ, ਕੋਟਕਪੂਰਾ ਅਤੇ ਜੈਤੋ
8) ਬੀ.ਡੀ.ਪੀ.ਓ., ਫਰੀਦਕੋਟ, ਕੋਟਕਪੂਰਾ ਅਤੇ ਜੈਤੋ

ਪਾਸ ਸੂਚਨਾ ਅਤੇ ਉਕਤ ਹੁਕਮਾਂ ਦੀ ਪਾਲਣਾ ਕਰਨ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਕਮਿਸ਼ਨਰ (ਜਨ.)
ਵਾਸਤੇ ਜਿਲ੍ਹਾ ਮੈਜਿਸਟਰੇਟ,
ਫਰੀਦਕੋਟ।

Scanned with CamScanner